# ਡਾਇਰੈਕਟਰ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

**ਛੇਵੀਂ ਮੰਜਿਲ,ਬਲਾਕ-ਈ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ**

**ਫੋਨ ਨੰਬਰ : +91-0172-2212221 Email-directorscert@punjabeducation.gov.in**


---

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਪੰਜਾਬ।

ਪੱਤਰ ਨੰ:ਮਿਸ਼ਨ 100%/2023/17
ਮਿਤੀ: 30/11/2023

ਵਿਸ਼ਾ: 'ਮਿਸ਼ਨ 100% ਦੇ ਲਾਂਚ ਪ੍ਰੋਗਰਾਮ ਦੇ ਲਾਈਵ ਪ੍ਰਸਾਰਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਣਯੋਗ ਹੈ ਜੀ ਕਿ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਵਲੋਂ ਬੋਰਡ ਦੀਆਂ ਜਮਾਤਾਂ ਦੇ ਨਤੀਜੇ ਬਿਹਤਰ ਲਿਆਉਣ ਲਈ ਦਸੰਬਰ 2022 ਦੌਰਾਨ ਮਿਸ਼ਨ 100%: ਗਿਵ ਯੂਅਰ ਬੈਸਟ ਪ੍ਰੋਗਰਾਮ ਲਾਂਚ ਕੀਤਾ ਗਿਆ ਸੀ, ਜੋ ਕਿ ਬਹੁਤ ਹੀ ਸਫਲ ਰਿਹਾ ਸੀ।ਇਸ ਲਈ ਪ੍ਰੋਗਰਾਮ ਦੀ ਸਫਲਤਾ ਨੂੰ ਦੇਖਦੇ ਹੋਏ ਇਸ ਸਾਲ ਵੀ ਇਸ ਪ੍ਰੋਗਰਾਮ ਦੀ ਸ਼ੁਰੂਆਤ ਮਾਨਯੋਗ ਸਿੱਖਿਆ ਮੰਤਰੀ ਜੀ ਵਲੋਂ ਮਿਤੀ 01.12.2023 ਨੂੰ ਸਵੇਰੇ 11:00 ਵਜੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਡੀਟੋਰੀਅਮ ਵਿੱਚ ਕੀਤੀ ਜਾਣੀ ਹੈ।

ਆਪ ਜੀ ਲਿਖਿਆ ਜਾਂਦਾ ਹੈ ਕਿ ਇਸ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ 11:00 ਵਜੇ ਤੋਂ 12:00 ਵਜੇ ਤੱਕ ਕੀਤਾ ਜਾਵੇਗਾ, ਜੋ ਕਿ ਐਜੂਸੈਟ, ਵਿਭਾਗ ਦੇ ਫੇਸਬੁੱਕ ਪੇਜ਼ ਅਤੇ ਯੂ-ਟਿਊਬ ਰਾਹੀਂ ਪ੍ਰਸਾਰਿਤ ਕੀਤਾ ਜਾਵੇਗਾ। ਇਸ ਲਈ ਸਮੂਹ ਸਕੂਲਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਬੋਰਡ ਜਮਾਤਾਂ (8ਵੀਂ, 10ਵੀਂ, 12ਵੀਂ) ਦੇ ਵਿਦਿਆਰਥੀਆਂ, ਉਨ੍ਹਾਂ ਨੂੰ ਪੜਾਉਣ ਵਾਲੇ ਅਧਿਆਪਕਾਂ ਅਤੇ ਸਕੂਲ ਮੁੱਖੀ ਇਹ ਲਾਈਵ ਪ੍ਰੋਗਰਾਮ ਸਕੂਲ ਵਿੱਚ ਮੌਜੂਦ ਐਜੂਸੈਟ, ਪ੍ਰੋਜੈਕਟਰ, ਈ-ਲੈਬ ਆਦਿ ਦੀ ਸਹਾਇਤਾ ਨਾਲ ਦੇਖਣਗੇ।

ਇਸ ਪ੍ਰੋਗਰਾਮ ਦਾ ਲਿੰਕ ਮਿਤੀ 01.12.2023 ਨੂੰ ਸਵੇਰੇ ਆਪ ਜੀ ਨੂੰ ਭੇਜ ਦਿਤਾ ਜਾਵੇਗਾ, ਜੋ ਕਿ ਆਪ ਵਲੋਂ ਆਪ ਅਧੀਨ ਆਉਂਦੇ ਸਮੂਹ ਸਕੂਲਾਂ ਨੂੰ ਭੇਜਿਆ ਜਾਵੇਗਾ।

ਸਹਾਇਕ ਡਾਇਰੈਕਟਰ

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਡਿਪਟੀ ਐਸ.ਪੀ.ਡੀ (ਪਿਕਟਸ/ਐਜੂਸੈਟ) ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ